American Heart Association.

# 2025 ਦਿਲ ਦੀ ਬਿਮਾਰੀ ਅਤੇ ਸਟ੍ਰੋਕ ਦੇ ਅੰਕੜੇ ਅੱਪਡੇਟ ਸੰਬੰਧੀ ਤੱਥ ਸ਼ੀਟ
# ਮਰਦ ਅਤੇ ਕਾਰਡੀਓਵੈਸਕੁਲਰ ਰੋਗ

## ਕਾਰਡੀਓਵੈਸਕੁਲਰ ਰੋਗ (CVD) (ICD-9 390 ਤੋਂ 459; ICD-10 I00 ਤੋਂ I99)

- 2017 ਤੋਂ 2020 ਦੇ ਡੇਟਾ ਅਨੁਸਾਰ, 44.8% ਔਰਤਾਂ ਦੀ ਤੁਲਨਾ ਵਿੱਚ, 20 ਸਾਲ ਜਾਂ ਇਸ ਤੋਂ ਵੱਧ ਉਮਰ ਦੇ 52.4% ਮਰਦਾਂ ਵਿੱਚ ਕਿਸੇ ਨਾ ਕਿਸੇ ਰੂਪ ਵਿੱਚ CVD ਦੀ ਸਮੱਸਿਆ ਸੀ।
- 2017 ਤੋਂ 2020 ਦੇ ਡੇਟਾ ਅਨੁਸਾਰ, 20 ਸਾਲ ਜਾਂ ਇਸ ਤੋਂ ਵੱਧ ਉਮਰ ਵਾਲੇ ਮਰਦਾਂ ਵਿੱਚ, 58.9% ਗੈਰ-ਹਿਸਪੈਨਿਕ (NH) ਕਾਲੇ ਮਰਦਾਂ, 51.9% ਹਿਸਪੈਨਿਕ ਮਰਦਾਂ, 51.5% NH ਐਸ਼ੀਆਈ ਮਰਦਾਂ, ਅਤੇ 51.2% NH ਗੋਰੇ ਮਰਦਾਂ ਵਿੱਚ ਕਿਸੇ ਨਾ ਕਿਸੇ ਰੂਪ ਵਿੱਚ CVD ਦੀ ਸਮੱਸਿਆ ਸੀ।
- 2022 ਵਿੱਚ, CVD ਦੇ ਕਾਰਨ 494,740 ਮਰਦਾਂ ਦੀਆਂ ਮੌਤਾਂ ਹੋਈਆਂ। CVD ਦੇ ਕਾਰਨ ਹੋਈਆਂ ਮੌਤਾਂ ਵਿੱਚੋਂ 52.5% ਮਰਦ ਸਨ।
- 2021 ਵਿੱਚ, 56,705 ਪੈਰੀਫਿਰਲ ਧਮਨੀ ਬਾਈਪਾਸ ਪ੍ਰਕਿਰਿਆਵਾਂ ਕੀਤੀਆਂ ਗਈਆਂ, ਜਿਨ੍ਹਾਂ ਵਿੱਚੋਂ 36,715 ਮਰਦ ਸਨ। 444,730 ਪੀਰਕਟੇਨੀਅਸ ਕੋਰੋਨਰੀ ਇੰਟਰਵੈਂਸ਼ਨ (PCI) ਪ੍ਰਕਿਰਿਆਵਾਂ ਕੀਤੀਆਂ ਗਈਆਂ, ਜਿਨ੍ਹਾਂ ਵਿੱਚੋਂ 301,385 ਮਰਦ ਸਨ।
- 2023 ਵਿੱਚ, ਸੰਯੁਕਤ ਰਾਜ ਅਮਰੀਕਾ ਵਿੱਚ 4,545 ਦਿਲ ਟ੍ਰਾਂਸਪਲਾਂਟ ਕੀਤੇ ਗਏ, ਜੋ ਕਿ ਹੁਣ ਤੱਕ ਦੀ ਸਭ ਤੋਂ ਵੱਧ ਗਿਣਤੀ ਹੈ। ਜਿਨ੍ਹਾਂ ਵਿੱਚੋਂ, 70.6% ਮਰਦ ਸਨ।

## ਕੋਰੋਨਰੀ ਦਿਲ ਦਾ ਰੋਗ (CHD) (ICD-9 410 ਤੋਂ 414, 429.2; ICD-10 I20 ਤੋਂ I25 (ਜਿਸ ਵਿੱਚ MI ICD-10 I21 ਤੋਂ I22 ਸ਼ਾਮਲ ਹੈ)

- 2017 ਤੋਂ 2020 ਦੇ ਡੇਟਾ ਅਨੁਸਾਰ, ਲਗਭਗ 11.7 ਮਿਲੀਅਨ ਮਰਦਾਂ (ਬਾਲਗ ਮਰਦਾਂ ਦਾ 8.7%) ਦੀ ਉਮਰ 20 ਸਾਲ ਜਾਂ ਇਸ ਤੋਂ ਵੱਧ ਸੀ, ਜਿਨ੍ਹਾਂ ਨੂੰ CHD ਸੀ; 6.1 ਮਿਲੀਅਨ ਮਰਦਾਂ (ਬਾਲਗ ਮਰਦਾਂ ਦਾ 4.5%) ਨੂੰ ਮਾਇਓਕਾਰਡੀਅਲ ਇਨਫਾਰਕਸ਼ਨ (MI, ਜਾਂ ਦਿਲ ਦਾ ਦੌਰਾ) ਦਾ ਇਤਿਹਾਸ ਸੀ।
- 2017 ਤੋਂ 2020 ਦੇ ਦਰਮਿਆਨ, 20 ਸਾਲ ਜਾਂ ਇਸ ਤੋਂ ਵੱਧ ਉਮਰ ਵਾਲੇ ਮਰਦਾਂ ਵਿੱਚ, 9.4% NH ਗੋਰੇ ਮਰਦਾਂ, 6.2% NH ਕਾਲੇ ਮਰਦਾਂ, 6.8% ਹਿਸਪੈਨਿਕ ਮਰਦਾਂ ਅਤੇ 5.2% NH ਏਸ਼ੀਆਈ ਮਰਦਾਂ ਨੂੰ CHD ਦੀ ਸਮੱਸਿਆ ਸੀ।
- 2017 ਤੋਂ 2020 ਦੇ ਦਰਮਿਆਨ, 20 ਸਾਲ ਜਾਂ ਇਸ ਤੋਂ ਵੱਧ ਉਮਰ ਵਾਲੇ ਮਰਦਾਂ ਵਿੱਚ, 4.8% NH ਗੋਰੇ ਮਰਦਾਂ, 4.0% NH ਕਾਲੇ ਮਰਦਾਂ, 3.1% ਹਿਸਪੈਨਿਕ ਮਰਦਾਂ ਅਤੇ 2.8% NH ਏਸ਼ੀਆਈ ਮਰਦਾਂ ਨੂੰ ਪਹਿਲਾਂ MI ਦੀ ਸਮੱਸਿਆ ਸੀ।
- 2005 ਤੋਂ 2014 ਤੱਕ ਦੇ ਡੇਟਾ ਦੇ ਆਧਾਰ 'ਤੇ, ਪਹਿਲੇ MI ਦੀ ਔਸਤ ਉਮਰ ਮਰਦਾਂ ਲਈ 65.6 ਸਾਲ ਅਤੇ ਔਰਤਾਂ ਲਈ 72.0 ਸਾਲ ਸੀ।

ਜਦੋਂ ਤੱਕ ਨੋਟ ਨਹੀਂ ਕੀਤਾ ਜਾਂਦਾ, ਇਸ ਤੱਥ ਸ਼ੀਟ ਦੇ ਸਾਰੇ ਅੰਕੜੇ ਸੰਯੁਕਤ ਰਾਜ ਨਾਲ ਸੰਬੰਧਿਤ ਹਨ। ਕਿਰਪਾ ਕਰਕੇ ਰਿਪੋਰਟ ਕੀਤੇ ਅੰਕੜਿਆਂ ਲਈ ਹਵਾਲਿਆਂ ਅਤੇ ਵਾਧੂ ਜਾਣਕਾਰੀ ਲਈ ਸੰਪੂਰਨ ਅੰਕੜੇ ਅੱਪਡੇਟ ਦੇਖੋ।

©2025 American Heart Association, Inc. ਸਾਰੇ ਅਧਿਕਾਰ ਰਾਖਵੇਂ ਹਨ। ਅਣਅਧਿਕਾਰਤ ਵਰਤੋਂ ਵਰਜਿਤ ਹੈ।

- 2022 ਵਿੱਚ CHD ਕਾਰਨ 223,952 ਮਰਦਾਂ ਦੀਆਂ ਮੌਤਾਂ ਹੋਈਆਂ; ਜਿਨ੍ਹਾਂ ਵਿੱਚ 62,571 ਮਰਦਾਂ ਦੀਆਂ ਮੌਤਾਂ MI ਦੀ ਸਮੱਸਿਆ ਤੋਂ ਹੋਈਆਂ।

## ਸਟ੍ਰੋਕ (ICD-9 430 ਤੋਂ 438; ICD-10 I60 ਤੋਂ I69)

- 2017 ਅਤੇ 2020 ਦੇ ਵਿਚਕਾਰ, 20 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਮਰਦਾਂ ਵਿੱਚ ਸਟ੍ਰੋਕ ਦੀ ਵਿਆਪਕਤਾ 4 ਮਿਲੀਅਨ (ਪੁਰਸ਼ਾਂ ਦਾ 2.9%) ਸੀ, ਜਦੋਂ ਕਿ ਔਰਤਾਂ ਵਿੱਚ 5.4 ਮਿਲੀਅਨ (3.6% ਔਰਤਾਂ) ਸੀ।
- 20 ਸਾਲ ਜਾਂ ਇਸ ਤੋਂ ਵੱਧ ਉਮਰ ਵਾਲੇ ਮਰਦਾਂ ਵਿੱਚ, ਹੇਠਾਂ ਦਿੱਤਿਆਂ ਨੂੰ ਪਹਿਲਾਂ ਸਟ੍ਰੋਕ ਦੀ ਸਮੱਸਿਆ ਹੋਈ ਸੀ: 2.7% NH ਗੋਰੇ ਮਰਦ; 4.8% NH ਕਾਲੇ ਮਰਦ, 2.5% ਹਿਸਪੈਨਿਕ ਮਰਦ, ਅਤੇ 1.8% NH ਏਸ਼ੀਆਈ ਮਰਦ।
- 2022 ਵਿੱਚ, ਸਟ੍ਰੋਕ ਕਾਰਨ 71,819 ਮਰਦਾਂ ਦੀਆਂ ਮੌਤਾਂ ਹੋਈਆਂ (ਕੁੱਲ ਸਟ੍ਰੋਕ ਕਾਰਨ ਮੌਤਾਂ ਦਾ 43.4%)।

## ਹਾਈ ਬਲੱਡ ਪ੍ਰੈਸ਼ਰ (ICD-9 401 ਤੋਂ 404; ICD-10 I10 ਤੋਂ I15)

- 2017 ਤੋਂ 2020 ਦੇ ਦਰਮਿਆਨ, 20 ਸਾਲ ਜਾਂ ਇਸ ਤੋਂ ਵੱਧ ਉਮਰ ਵਾਲੇ ਮਰਦਾਂ ਵਿੱਚੋਂ 62.8 ਮਿਲੀਅਨ (ਮਰਦਾਂ ਦਾ 50.4%) ਨੂੰ ਹਾਈ ਬਲੱਡ ਪ੍ਰੈਸ਼ਰ ਜਾਂ ਹਾਈਪਰਟੈਂਸ਼ਨ ਦੀ ਸਮੱਸਿਆ ਸੀ।
- 2017 ਤੋਂ 2020 ਦੇ ਦਰਮਿਆਨ, 64 ਸਾਲ ਦੀ ਉਮਰ ਤੱਕ ਸਾਰੀਆਂ ਉਮਰ ਦੀਆਂ ਸ਼੍ਰੇਣੀਆਂ ਵਾਲੇ ਮਰਦਾਂ ਵਿੱਚ ਹਾਈਪਰਟੈਂਸ਼ਨ ਬਿਮਾਰੀ ਦੀ ਫ਼ੀਸਦ ਔਰਤਾਂ ਨਾਲੋਂ ਜ਼ਿਆਦਾ ਸੀ। 65 ਸਾਲ ਅਤੇ ਉਸ ਤੋਂ ਵੱਧ ਉਮਰ ਦੇ ਲੋਕਾਂ ਵਿੱਚ, ਔਰਤਾਂ ਵਿੱਚ ਹਾਈਪਰਟੈਂਸ਼ਨ ਬਿਮਾਰੀ ਦੀ ਫ਼ੀਸਦ ਮਰਦਾਂ ਨਾਲੋਂ ਜ਼ਿਆਦਾ ਸੀ।
  - 2017 ਤੋਂ 2020 ਦੇ ਦਰਮਿਆਨ, 20 ਸਾਲ ਜਾਂ ਇਸ ਤੋਂ ਵੱਧ ਉਮਰ ਵਾਲੇ ਮਰਦਾਂ ਵਿੱਚ, 48.9% NH ਗੋਰੇ ਮਰਦਾਂ, 57.5% NH ਕਾਲੇ ਮਰਦਾਂ, 50.3% ਹਿਸਪੈਨਿਕ ਮਰਦਾਂ ਅਤੇ 50.2% NH ਏਸ਼ੀਆਈ ਮਰਦਾਂ ਨੂੰ HBP ਦੀ ਸਮੱਸਿਆ ਸੀ।
  - 2022 ਵਿੱਚ, HBP ਕਾਰਨ 63,901 ਮਰਦਾਂ ਦੀਆਂ ਮੌਤਾਂ ਹੋਈਆਂ। ਇਹ 48.6% ਮੌਤਾਂ HBP ਦੇ ਕਾਰਨ ਹੋਈਆਂ ਸਨ।

## ਹਾਰਟ ਫੇਲੀਅਰ (HF) (ICD-9 428, ICD-10 I50)

- 2017 ਤੋਂ 2020 ਵਿੱਚ ਸਜੀਵ 20 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਲਗਭਗ 3.7 ਮਿਲੀਅਨ ਬਾਲਗ ਮਰਦਾਂ ਨੂੰ HF ਹੋਇਆ ਸੀ।
- 2017 ਤੋਂ 2020 ਦੇ ਦਰਮਿਆਨ, 20 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਮਰਦਾਂ ਵਿੱਚ HF ਦੀ ਸਮੱਸਿਆ ਦਾ ਕੁੱਲ ਪ੍ਰਚਲਨ 2.7% ਸੀ। ਬਾਲਗ ਮਰਦਾਂ ਵਿਚਕਾਰ, ਹੇਠਾਂ ਦਿੱਤਿਆਂ ਨੂੰ HF ਦੀ ਸਮੱਸਿਆ ਸੀ: ਜਿਨ੍ਹਾਂ ਵਿੱਚ 2.9% NH ਗੋਰੇ ਮਰਦ; 3.8% NH ਕਾਲੇ ਮਰਦ, 1.8% ਹਿਸਪੈਨਿਕ ਮਰਦ ਅਤੇ 1.4% NH ਏਸ਼ੀਆਈ ਮਰਦ ਸਨ।
- 2022 ਵਿੱਚ, HF ਦੇ ਕਾਰਨ 41,657 ਮਰਦਾਂ ਦੀਆਂ ਮੌਤਾਂ ਹੋਈਆਂ।

## ਸਿਗਰਟਨੋਸ਼ੀ

- 2022 ਦੇ ਡੇਟਾ ਅਨੁਸਾਰ, 12 ਤੋਂ 17 ਸਾਲ ਦੀ ਉਮਰ ਦੇ ਵਿਅਕਤੀਆਂ ਵਿੱਚ ਤੰਬਾਕੂ ਉਤਪਾਦਾਂ ਦੀ ਉਮਰ ਭਰ ਵਰਤੋਂ ਔਰਤਾਂ ਨਾਲੋਂ ਮਰਦਾਂ ਵਿੱਚ ਵੱਧ ਸੀ (8.9% ਵਿਰੁੱਧ 8.4%)।


©2025 American Heart Association, Inc. ਸਾਰੇ ਅਧਿਕਾਰ ਰਾਖਵੇਂ ਹਨ। ਅਣਅਧਿਕਾਰਤ ਵਰਤੋਂ ਵਰਜਿਤ ਹੈ।

- 2021 ਵਿੱਚ, 18 ਸਾਲ ਤੋਂ ਵੱਧ ਉਮਰ ਦੇ ਬਾਲਗ ਮਰਦ (13.1%) ਔਰਤਾਂ (10.1%) ਨਾਲੋਂ ਜ਼ਿਆਦਾ ਸਿਗਰਟਨੋਸ਼ੀ ਕਰਨ ਵਾਲੇ ਸਨ।
- 2023 ਡੇਟਾ ਦੇ ਅਨੁਸਾਰ, ਨੌਜਵਾਨਾਂ ਵਿੱਚ ਈ-ਸਿਗਰੇਟ ਸਭ ਤੋਂ ਜ਼ਿਆਦਾ ਵਰਤੇ ਜਾਂਦੇ ਤੰਬਾਕੂ ਉਤਪਾਦ ਸਨ। ਹਾਈ ਸਕੂਲ ਦੇ ਵਿਦਿਆਰਥੀਆਂ ਵਿੱਚ, ਈ-ਸਿਗਰੇਟ ਦੀ ਵਰਤੋਂ ਕਰਨ ਦੀਆਂ ਮੌਜੂਦਾ ਦਰਾਂ ਔਰਤਾਂ (12.2%) ਵਿੱਚ ਮਰਦਾਂ ਨਾਲੋਂ (8.0%) ਵੱਧ ਸਨ।

## ਹਾਈ ਬਲੱਡ ਕੋਲੈਸਟ੍ਰੋਲ

- 2017 ਤੋਂ 2020 ਦੇ ਡੇਟਾ ਦੇ ਅਨੁਸਾਰ, 6 ਤੋਂ 11 ਸਾਲ ਦੀ ਉਮਰ ਦੇ ਬੱਚਿਆਂ ਵਿੱਚ, ਔਸਤ ਕੁੱਲ ਕੋਲੈਸਟ੍ਰੋਲ ਦਾ ਪੱਧਰ 157.4 mg/dL ਸੀ। ਮਰਦਾਂ ਲਈ, ਇਹ 157.5 mg/dL; ਔਰਤਾਂ ਲਈ, ਇਹ 157.2 mg/dL ਸੀ।
- 2017 ਤੋਂ 2020 ਦੇ ਡੇਟਾ ਦੇ ਅਨੁਸਾਰ, 12 ਤੋਂ 19 ਸਾਲ ਦੀ ਉਮਰ ਦੇ ਬੱਚਿਆਂ ਵਿੱਚ, ਔਸਤ ਕੁੱਲ ਕੋਲੈਸਟ੍ਰੋਲ ਦਾ ਪੱਧਰ 154.8 mg/dL ਸੀ। ਮਰਦਾਂ ਲਈ, ਇਹ 150.1 mg/dL; ਔਰਤਾਂ ਲਈ, ਇਹ 159.7 mg/dL ਸੀ।
- 2017 ਤੋਂ 2020 ਦੇ ਡੇਟਾ ਅਨੁਸਾਰ 20 ਸਾਲ ਅਤੇ ਉਸ ਤੋਂ ਵੱਧ ਉਮਰ ਦੇ ਬਾਲਗਾਂ ਵਿੱਚ:
    - 32.8% ਮਰਦਾਂ ਅਤੇ 36.2% ਔਰਤਾਂ ਵਿੱਚ ਕੁੱਲ ਕੋਲੈਸਟ੍ਰੋਲ ਦਾ ਪੱਧਰ 200 mg/dL ਜਾਂ ਉਸ ਤੋਂ ਵੱਧ ਸੀ।
    - 9.5% ਮਰਦਾਂ ਅਤੇ 10.4% ਔਰਤਾਂ ਵਿੱਚ ਕੁੱਲ ਕੋਲੈਸਟ੍ਰੋਲ ਦਾ ਪੱਧਰ 240 mg/dL ਜਾਂ ਉਸ ਤੋਂ ਵੱਧ ਸੀ।
    - 25.6% ਮਰਦਾਂ ਅਤੇ 25.4% ਔਰਤਾਂ ਵਿੱਚ ਘੱਟ-ਡੈਨਸਿਟੀ ਲਿਪੋਪ੍ਰੋਟੀਨ (LDL) ਕੋਲੈਸਟ੍ਰੋਲ 130 mg/dL ਜਾਂ ਉਸ ਤੋਂ ਵੱਧ ਸੀ।
    - 24.9% ਮਰਦਾਂ ਅਤੇ 9.3% ਔਰਤਾਂ ਵਿੱਚ ਵੱਧ-ਡੈਨਸਿਟੀ ਲਿਪੋਪ੍ਰੋਟੀਨ (HDL) ਕੋਲੈਸਟ੍ਰੋਲ 40 mg/dL ਤੋਂ ਘੱਟ ਸੀ।

## ਸਰੀਰਕ ਗਤੀਵਿਧੀ

- 2022 ਡੇਟਾ ਦੇ ਅਨੁਸਾਰ, 18.9% ਫ਼ੀਸਦ ਦੇ 6 ਤੋਂ 17 ਸਾਲ ਦੀ ਉਮਰ ਵਾਲੇ ਨੌਜਵਾਨ, ਜੋ ਹਫ਼ਤੇ ਦੇ ਹਰੇਕ ਦਿਨ 60 ਮਿੰਟਾਂ ਤੋਂ ਜ਼ਿਆਦਾ ਸਮੇਂ ਲਈ ਸਰਗਰਮ ਰਹਿੰਦੇ ਸਨ। ਮਰਦਾਂ (22.0%) ਵਿੱਚ ਇਹ ਫ਼ੀਸਦ ਔਰਤਾਂ (15.6%) ਦੀ ਤੁਲਨਾ ਨਾਲੋਂ ਵੱਧ ਸੀ।
- 2022 ਦੇ ਡੇਟਾ ਅਨੁਸਾਰ, 0 ਤੋਂ 17 ਸਾਲ ਦੀ ਉਮਰ ਦ ਨੌਜਵਾਨਾਂ ਵਿੱਚੋਂ, ਜਿਹੜੇ ਜ਼ਿਆਦਾਤਰ ਕਾਰੋਬਾਰੀ ਦਿਨਾਂ ਵਿੱਚ ਟੈਲੀਵੀਜ਼ਨ, ਕੰਪਿਊਟਰ, ਸੈੱਲ ਫ਼ੋਨ ਜਾਂ ਹੋਰ ਇਲੈਕਟ੍ਰਾਨਿਕ ਡਿਵਾਈਸ ਦੇ ਅੱਗੇ 4 ਘੰਟੇ ਪ੍ਰਤੀ ਦਿਨ ਵਿੱਚ ਸਮਾਂ ਬਿਤਾਉਂਦੇ ਹਨ, ਪ੍ਰੋਗ੍ਰਾਮ ਦੇਖਦੇ ਹਨ, ਗੇਮਾਂ ਖੇਡਦੇ ਹਨ, ਇੰਟਰਨੈੱਟ ਐਕਸੈੱਸ ਕਰਦੇ ਹਨ ਜਾਂ ਸੋਸ਼ਲ ਮੀਡੀਆ ਵਰਤਦੇ ਹਨ (ਜਿਸ ਵਿੱਚ ਸਕੂਲ ਕੰਮ ਸ਼ਾਮਲ ਨਹੀਂ ਹੈ), ਉਹ 22.0% ਸਨ। ਮਰਦਾਂ ਲਈ 23.0% ਅਤੇ ਔਰਤਾਂ ਲਈ ਇਹ ਫ਼ੀਸਦ 21.4% ਸੀ।
- NHIS 2020 ਅਨੁਸਾਰ, ਬਾਲਗ ਮਰਦਾਂ ਵਿੱਚ ਐਰੋਬਿਕ ਅਤੇ ਮਾਸਪੇਸ਼ੀ-ਮਜ਼ਬੂਤ ਕਰਨ ਵਾਲੀਆਂ ਸੇਧਾਂ ਨੂੰ ਪੂਰਾ ਕਰਨ ਦੀ ਫ਼ੀਸਦ ਉਮਰ ਦੇ ਨਾਲ ਘੱਟਦੀ ਹੈ। ਮਰਦਾਂ ਲਈ, ਦੋਨਾਂ ਸੇਧਾਂ ਨੂੰ ਪੂਰਾ ਕਰਨ ਵਾਲੀ ਫ਼ੀਸਦ 18 ਤੋਂ 34 ਸਾਲ ਦੀ ਉਮਰ ਲਈ 41.3%, 35 ਤੋਂ 49 ਸਾਲ ਦੀ ਉਮਰ ਲਈ 29.4%, 50 ਤੋਂ 64 ਸਾਲ ਦੀ ਉਮਰ ਲਈ 21.6%, ਅਤੇ 65 ਸਾਲ ਦੀ ਉਮਰ ਜਾਂ ਉਸ ਤੋਂ ਜ਼ਿਆਦਾ ਉਮਰ ਲਈ 15.3% ਸੀ।

ਜਦੋਂ ਤੱਕ ਨੋਟ ਨਹੀਂ ਕੀਤਾ ਜਾਂਦਾ, ਇਸ ਤੱਥ ਸ਼ੀਟ ਦੇ ਸਾਰੇ ਅੰਕੜੇ ਸੰਯੁਕਤ ਰਾਜ ਨਾਲ ਸੰਬੰਧਿਤ ਹਨ। ਕਿਰਪਾ ਕਰਕੇ ਰਿਪੋਰਟ ਕੀਤੇ ਅੰਕੜਿਆਂ ਲਈ ਹਵਾਲਿਆਂ ਅਤੇ ਵਾਧੂ ਜਾਣਕਾਰੀ ਲਈ ਸੰਪੂਰਨ ਅੰਕੜੇ ਅੱਪਡੇਟ ਦੇਖੋ।

©2025 American Heart Association, Inc. ਸਾਰੇ ਅਧਿਕਾਰ ਰਾਖਵੇਂ ਹਨ। ਅਣਅਧਿਕਾਰਤ ਵਰਤੋਂ ਵਰਜਿਤ ਹੈ।

## ਵੱਧ ਭਾਰ ਅਤੇ ਮੋਟਾਪਾ

2017 ਤੋਂ 2020 ਦੇ ਵਿਚਕਾਰ ਡੇਟਾ ਦੀ ਵਰਤੋਂ ਕਰਦਿਆਂ:

- **ਅਨੁਮਾਨਿਤ ਤੌਰ '**ਤੇ, 2 **ਤੋਂ** 19 **ਸਾਲ ਦੀ ਉਮਰ ਵਾਲੇ** 20.9% **ਮੁੰਡੇ ਮੋਟੇ ਸਨ**; **ਜਿਨ੍ਹਾਂ ਵਿੱਚ** 17.6% NH **ਗੋਰੇ ਮਰਦ**, 18.8% NH **ਕਾਲੇ ਮਰਦ**, 29.3% **ਹਿਸਪੈਨਿਕ ਮਰਦ**, **ਅਤੇ** 13.1% NH **ਏਸ਼ੀਆਈ ਮਰਦ ਸਨ।**
- 20 **ਸਾਲ ਜਾ ਉਸ ਤੋਂ ਵੱਧ ਉਮਰ ਵਾਲੇ ਬਾਲਗ ਮਰਦਾਂ ਵਿੱਚ**, 41.8% **ਮੋਟੇ ਸਨ**; **ਜਿਨ੍ਹਾਂ ਵਿੱਚ** 43.1% NH **ਗੋਰੇ ਮਰਦ**, 40.4% NH **ਕਾਲੇ ਮਰਦ**, 45.2% **ਹਿਸਪੈਨਿਕ ਮਰਦ**, **ਅਤੇ** 17.6% NH **ਏਸ਼ੀਆਈ ਮਰਦ ਸਨ।**

## ਸ਼ੂਗਰ (ICD-9 250; ICD-10 E10 ਤੋਂ E11)

- 2017 **ਤੋਂ** 2020 **ਦੇ ਡੇਟਾ ਅਨੁਸਾਰ**, **ਅਨੁਮਾਨਿਤ ਤੌਰ 'ਤੇ** 29.3 **ਮਿਲੀਅਨ ਅਮਰੀਕੀ ਬਾਲਗਾਂ ਵਿੱਚੋਂ ਲਗਭਗ** 16.4 **ਮਿਲੀਅਨ ਮਰਦ** (**ਸਾਰੇ ਬਾਲਗ ਮਰਦਾਂ ਦਾ** 12.2%) **ਡਾਕਟਰੀ ਤੌਰ 'ਤੇ ਨਿਦਾਨ ਕੀਤੀ ਗਏ ਸ਼ੂਗਰ ਦੀ ਬਿਮਾਰੀ ਵਾਲੇ ਸਨ**; **ਸਾਰੇ ਬਾਲਗ ਮਰਦਾਂ ਵਿੱਚ**, **ਡਾਕਟਰ ਨੇ** 11.5% NH **ਗੋਰੇ ਮਰਦ**, 11.8% NH **ਕਾਲੇ ਮਰਦ**, 14.5% **ਹਿਸਪੈਨਿਕ ਮਰਦ**, **ਅਤੇ** 14.4% NH **ਏਸ਼ੀਆਈ ਮਰਦਾਂ ਵਿੱਚ ਸ਼ੂਗਰ ਦੀ ਬਿਮਾਰੀ ਨੂੰ ਡਾਇਗਨੇਸ ਕੀਤਾ ਸੀ।**
- 2017 **ਤੋਂ** 2020 **ਦੇ ਡੇਟਾ ਅਨੁਸਾਰ**, **ਅਨੁਮਾਨਿਤ ਤੌਰ 'ਤੇ** 9.7 **ਮਿਲੀਅਨ ਅਮਰੀਕੀ ਬਾਲਗ** (20 **ਸਾਲ ਜਾਂ ਇਸ ਤੋਂ ਵੱਧ ਉਮਰ**) **ਵਿੱਚੋਂ ਲਗਭਗ** 4.6 **ਮਿਲੀਅਨ ਮਰਦ** (**ਸਾਰੇ ਬਾਲਗ ਮਰਦਾਂ ਦਾ** 3.5%) **ਬਿਨਾਂ ਨਿਦਾਨ ਕੀਤੀ ਗਈ ਸ਼ੂਗਰ ਦੀ ਬਿਮਾਰੀ ਵਾਲੇ ਸਨ**; **ਸਾਰੇ ਬਾਲਗ ਮਰਦਾਂ ਵਿੱਚ**, **ਡਾਕਟਰ ਨੇ** 2.6% NH **ਗੋਰੇ ਮਰਦ**, 5.6% NH **ਕਾਲੇ ਮਰਦ**, 5.3% **ਹਿਸਪੈਨਿਕ ਮਰਦ**, **ਅਤੇ** 5.4% NH **ਏਸ਼ੀਆਈ ਮਰਦਾਂ ਵਿੱਚ ਸ਼ੂਗਰ ਦੀ ਬਿਮਾਰੀ ਨੂੰ ਡਾਇਗਨੋਸ ਨਹੀਂ ਕੀਤਾ ਸੀ।**
- 2017 **ਤੋਂ** 2020 **ਦੇ ਡੇਟਾ ਅਨੁਸਾਰ**, **ਅਨੁਮਾਨਿਤ ਤੌਰ 'ਤੇ** 115.9 **ਮਿਲੀਅਨ ਅਮਰੀਕੀ ਬਾਲਗਾਂ ਵਿੱਚੋਂ ਲਗਭਗ** 63.5 **ਮਿਲੀਅਨ ਮਰਦਾਂ ਨੂੰ** (**ਸਾਰੇ ਬਾਲਗ ਮਰਦਾਂ ਦਾ** 52.9%) **ਪਹਿਲਾਂ ਤੋਂ ਹੀ ਸ਼ੂਗਰ ਸੀ**; **ਸਾਰੇ ਬਾਲਗ ਮਰਦਾਂ ਵਿੱਚ**, 57.2% NH **ਗੋਰੇ ਮਰਦਾਂ ਨੂੰ ਪਹਿਲਾਂ ਤੋਂ ਹੀ ਸ਼ੂਗਰ ਦੀ ਬਿਮਾਰੀ ਸੀ**; **ਜਿਨ੍ਹਾਂ ਵਿੱਚ** 35.3% NH **ਕਾਲੇ ਮਰਦ**, 50.7% **ਹਿਸਪੈਨਿਕ ਮਰਦ**, **ਅਤੇ** 51.6% NH **ਏਸ਼ੀਆਈ ਮਰਦ ਸਨ।**
- 2022 **ਵਿੱਚ**, **ਸ਼ੂਗਰ ਨਾਲ** 57,557 **ਮਰਦਾਂ ਦੀਆਂ ਮੌਤਾਂ ਹੋਈਆਂ** (**ਸ਼ੂਗਰ ਕਾਰਨ ਹੋਈਆਂ ਮੌਤਾਂ ਦਾ** 56.9%)।

**ਜਦੋਂ ਤੱਕ ਨੋਟ ਨਹੀਂ ਕੀਤਾ ਜਾਂਦਾ, ਇਸ ਤੱਥ ਸ਼ੀਟ ਦੇ ਸਾਰੇ ਅੰਕੜੇ ਸੰਯੁਕਤ ਰਾਜ ਨਾਲ ਸੰਬੰਧਿਤ ਹਨ। ਕਿਰਪਾ ਕਰਕੇ ਰਿਪੋਰਟ ਕੀਤੇ ਅੰਕੜਿਆਂ ਲਈ ਹਵਾਲਿਆਂ ਅਤੇ ਵਾਧੂ ਜਾਣਕਾਰੀ ਲਈ ਸੰਪੂਰਨ ਅੰਕੜੇ ਅੱਪਡੇਟ ਦੇਖੋ।**

©2025 American Heart Association, Inc. **ਸਾਰੇ ਅਧਿਕਾਰ ਰਾਖਵੇਂ ਹਨ। ਅਣਅਧਿਕਾਰਤ ਵਰਤੋਂ ਵਰਜਿਤ ਹੈ।**

**ਤੱਥ ਸ਼ੀਟਾਂ, ਇਨਫੋਗ੍ਰਾਫਿਕਸ, ਅਤੇ ਮੌਜੂਦਾ/ਪਿਛਲੇ ਅੰਕੜੇ ਅੱਪਡੇਟ ਪ੍ਰਕਾਸ਼ਨਾਂ ਨੂੰ ਇੱਥੋਂ ਡਾਊਨਲੋਡ ਕੀਤਾ ਜਾ ਸਕਦਾ ਹੈ**:

Heart and Stroke Association Statistics | American Heart Association (**ਅੰਗਰੇਜ਼ੀ ਵਿੱਚ ਵੈੱਬਸਾਈਟ**)।

**ਇਸ ਤੱਥ ਸ਼ੀਟ ਦੇ ਬਹੁਤ ਸਾਰੇ ਅੰਕੜੇ, ਅੰਕੜਾ ਅੱਪਡੇਟ ਦਸਤਾਵੇਜ਼ ਲਈ ਸੰਕਲਿਤ ਅਣਪ੍ਰਕਾਸ਼ਿਤ ਸਾਰਨੀ ਤੋਂ ਆਉਂਦੇ ਹਨ ਅਤੇ ਹੇਠਾਂ ਸੂਚੀਬੱਧ ਦਸਤਾਵੇਜ਼ ਹਵਾਲੇ ਦੀ ਵਰਤੋਂ ਕਰਕੇ ਹਵਾਲਾ ਦਿੱਤਾ ਜਾ ਸਕਦਾ ਹੈ। ਸਾਰਨੀ ਲਈ ਵਰਤੇ ਗਏ ਡੇਟਾ ਸਰੋਤ ਪੂਰੇ ਦਸਤਾਵੇਜ਼ ਵਿੱਚ ਸੂਚੀਬੱਧ ਹਨ। ਇਸ ਤੋਂ ਇਲਾਵਾ, ਕੁਝ ਅੰਕੜੇ ਪ੍ਰਕਾਸ਼ਿਤ ਅਧਿਐਨਾਂ ਤੋਂ ਆਉਂਦੇ ਹਨ। ਜੇਕਰ ਤੁਸੀਂ ਇਸ ਤੱਥ ਸ਼ੀਟ ਵਿੱਚ ਕਿਸੇ ਵੀ ਅੰਕੜੇ ਦਾ ਹਵਾਲਾ ਦੇ ਰਹੇ ਹੋ, ਤਾਂ ਕਿਰਪਾ ਕਰਕੇ ਡੇਟਾ ਸਰੋਤਾਂ ਅਤੇ ਮੂਲ ਹਵਾਲਿਆਂ ਦਾ ਪਤਾ ਲਗਾਉਣ ਲਈ ਪੂਰੇ ਦਿਲ ਦੀ ਬਿਮਾਰੀ ਅਤੇ ਸਟ੍ਰੋਕ ਅੰਕੜੇ ਦਸਤਾਵੇਜ਼ ਦੀ ਸਮੀਖਿਆ ਕਰੋ।**

American Heart Association **ਵੱਲੋਂ ਬੇਨਤੀ ਕੀਤੀ ਜਾਂਦੀ ਹੈ ਕਿ ਪੂਰਾ ਦਸਤਾਵੇਜ਼ ਹੇਠਾਂ ਦਿੱਤੇ ਅਨੁਸਾਰ ਦਿੱਤਾ ਜਾਵੇ**:

Martin SS, Aday AW, Allen NB, Almarzooq ZI, Anderson CAM, Arora P, Avery CL, Baker-Smith CM, Bansal N, Beaton AZ, Commodore-Mensah Y, Currie ME, Elkind MSV, Fan W, Generoso G, Gibbs BB, Heard DG, Hiremath S, Johansen MC, Kazi DS, Ko D, Leppert MH, Magnani JW, Michos ED, Mussolino ME, Parikh NI, Perman SM, Rezk-Hanna M, Roth GA, Shah NS, Springer MV, St-Onge M-P, Thacker EL, Urbut SM, Van Spall HGC, Voeks JH, Whelton SP, Wong ND, Wong SS, Yaffe K, Palaniappan LP; **ਮਹਾਂਮਾਰੀ ਵਿਗਿਆਨ ਅਤੇ ਰੋਕਥਾਮ ਅੰਕੜਾ ਕਮੇਟੀ ਅਤੇ ਸਟ੍ਰੋਕ ਅੰਕੜਾ ਕਮੇਟੀ** '**ਤੇ** American Heart Association **ਕੌਂਸਲ ਦੀ ਤਰਫ਼ ਤੋਂ**। 2025 **ਦਿਲ ਦੀ ਬਿਮਾਰੀ ਅਤੇ ਸਟ੍ਰੋਕ ਦੇ ਅੰਕੜੇ**: American Heart Association **ਤੋਂ** US **ਅਤੇ ਗਲੋਬਲ ਡੇਟਾ ਦੀ ਇੱਕ ਰਿਪੋਰਟ**। ***ਸਰਕੂਲੇਸ਼ਨ***। 27 **ਜਨਵਰੀ**, 2025 **ਨੂੰ ਔਨਲਾਈਨ ਪ੍ਰਕਾਸ਼ਿਤ ਕੀਤਾ ਗਿਆ**।

**ਕਿਰਪਾ ਕਰਕੇ ਸਾਰੀਆਂ ਮੀਡੀਆ ਪੁੱਛਗਿੱਛਾਂ ਨੂੰ ਨਿਊਜ਼ ਮੀਡੀਆ ਰਿਲੇਸ਼ਨਸ ਨੂੰ**http://newsroom.heart.org/newsmedia/contacts (**ਅੰਗਰੇਜ਼ੀ ਵਿੱਚ ਵੈੱਬਸਾਈਟ**) '**ਤੇ ਭੇਜੋ।**


©2025 American Heart Association, Inc. **ਸਾਰੇ ਅਧਿਕਾਰ ਰਾਖਵੇਂ ਹਨ। ਅਣਅਧਿਕਾਰਤ ਵਰਤੋਂ ਵਰਜਿਤ ਹੈ।**